ਈ.ਮੇਲ:-nagarpanchyatbhadson@gmail.com ਫੋਨ ਨੰ.01765-260320

# ਦਫਤਰ ਨਗਰ ਪੰਚਾਇਤ ਭਾਦਸੋਂ,ਪਟਿਆਲਾ

ਨੰਬਰ...1637

## ਕੋਰੀਜੰਡਮ/ਪਬਲਿਕ ਨੋਟਿਸ

ਮਿਤੀ 23-12-2021

## ਸਫਾਈ ਸੇਵਕ ਦੀ ਅਸਾਮੀ ਲਈ ਦਰਖਾਸਤ ਦੇਣ ਦੀ ਅੰਤਿਮ ਮਿਤੀ ਵਿੱਚ ਵਾਧਾ ਕਰਨ ਬਾਰੇ

ਨਗਰ ਪੰਚਾਇਤ ਭਾਦਸੋਂ ਵੱਲੋਂ ਮਤਾ ਨੰ: 108 ਮਿਤੀ 05.7.2021 ਅਤੇ ਮਤੇ ਦੀ ਪ੍ਰਵਾਨਗੀ ਸਬੰਧੀ ਸਥਾਨਕ ਸਰਕਾਰ ਦੇ ਪੱਤਰ ਨੰ: ਅਸ3-ਡਸਸ-(ਭਾਦਸੋਂ) 2021/27976 ਮਿਤੀ 16.7.2021 ਰਾਹੀਂ ਅਤੇ ਮਤਾ ਨੰ: 108 ਮਿਤੀ 05.7.2021 ਦੀ ਪ੍ਰਵਾਨਗੀ ਉਪਰੰਤ ਨਗਰ ਪੰਚਾਇਤ ਭਾਦਸੋਂ ਵੱਲੋਂ ਕੰਟਰੈਕਟ ਤੇ ਭਰਤੀ ਕਰਨ ਲਈ 20 ਪ੍ਰਵਾਨਤ ਅਸਾਮੀਆਂ ਦੀ ਨਿਯੁਕਤੀ ਕੀਤੀ ਜਾਣੀ ਹੈ।ਜਿਸ ਅਨੁਸਾਰ ਹੇਠ ਲਿਖਿਆ ਕੈਟਾਗਿਰੀਆ ਵਿਚ ਦਰਖਾਸਤਾਂ ਪ੍ਰਾਪਤ/ਯੋਗ ਦਰਖਾਸਤਾਂ ਪ੍ਰਾਪਤ ਨਹੀਂ ਹੋਇਆ ਹਨ:-

| ਅਸਾਮੀ ਦਾ ਨਾਮ ਕੰਟਰੈਕਟ ਬੇਸ | ਅਸਾਮੀਆਂ ਦੀ ਗਿਣਤੀ | ਰਾਖਵਾਂਕਰਨ |
|---|---|---|
| ਸਫਾਈ ਸੇਵਕ ਕੰਟਰੈਕਟ ਬੇਸ | 10 | ਜਨਰਲ ਇਸਤਰੀ-2, ਜਨਰਲ-2,ਸਾਬਕਾ ਫੌਜੀ ਇਸਤਰੀ-1,ਪੱਛੜੀ ਸ਼੍ਰੇਣੀ ਇਸਤਰੀ-1, ਜਨਰਲ, ਕਮਜ਼ੋਰ ਵਰਗ ਇਸਤਰੀ EWS-1, ਅੰਗਹੀਣ (ਇਸਤਰੀ) (ਗੂੰਗਾ/ਬਹਿਰਾ)-1, ਸਾਬਕਾ ਫੌਜੀ-1, ਜਨਰਲ ਕਮਜ਼ੋਰ ਵਰਗ EWS-1 |

ਨੋਟ:-

1. ਦਰਖਾਸਤਾਂ/ਬਿਨੈ ਪੱਤਰ ਪ੍ਰਾਪਤ ਕਰਨ ਦੀ ਅੰਤਿਮ ਮਿਤੀ 26.11.2021 ਤੱਕ ਨਿਸਚਿਤ ਸੀ, ਦਰਖਾਸਤਾਂ ਕਈ ਕੈਟਾਗਿਰੀਆਂ ਵਿਚ ਪ੍ਰਾਪਤ/ਕਈ ਕੈਟਾਗਰੀਆਂ ਲਈ ਨਾ ਪ੍ਰਾਪਤ ਹੋਣ ਕਾਰਨ ਚੇਅਰਮੈਨ-ਕਮ-ਪ੍ਰਧਾਨ ਭਾਦਸੋਂ ਜੀ ਦੀ ਪ੍ਰਵਾਨਗੀ ਉਪਰੰਤ ਉਕਤ ਅਸਾਮੀਆਂ ਲਈ ਹੋਰ ਦਰਖਾਸਤਾਂ ਪ੍ਰਾਪਤ ਕਰਨ ਦੀ ਅੰਤਿਮ ਮਿਤੀ ਵਿੱਚ ਵਾਧਾ ਕਰਦੇ ਹੋਏ ਦਰਖਾਸਤਾਂ ਮਿਤੀ **07.01.2022 ਸ਼ਾਮ 5:00 ਵਜੇ** ਤੱਕ ਰਜਿਸਟਰਡ ਪ੍ਰਾਪਤ ਕੀਤੀਆਂ ਜਾਣਗੀਆਂ।ਇਸ ਤੋਂ ਇਲਾਵਾ ਅੰਗਹੀਣ ਦੀ ਅਸਾਮੀ ਲਈ 50% ਅੰਗਹੀਣ ਹੋਣਾ ਚਾਹੀਦਾ ਹੈ ਅਤੇ ਸਫਾਈ ਸੇਵਕ ਦੀ ਪੋਸਟ ਤੇ ਕੰਮ ਕ ਸਕਦਾ ਹੋਵੇਗਾ।ਇਸ ਸਬੰਧੀ ਬਣਦੀ ਫੀਸ ਡਰਾਫਟ ਰਾਹੀਂ ਜਮ੍ਹਾਂ ਕਰਵਾਈ ਜਾ ਸਕਦੀ ਹੈ। ਦਰਖਾਸਤਾਂ ਹੇਠ ਲਿਖੇ ਪਤੇ ਤੇ ਰਜਿਸਟਰਡ ਪ੍ਰਾਪਤ ਕੀਤੀਆਂ ਜਾਣਗੀਆਂ। ਨਿਰਧਾਰਤ ਮਿਤੀ ਉਪਰੰਤ ਪ੍ਰਾਪਤ ਦਰਖਾਸਤਾਂ/ਬਿਨੈ ਪੱਤਰਾਂ ਤੇ ਗੌਰ ਨਹੀਂ ਕੀਤਾ ਜਾਵੇਗਾ ਅਤੇ **ਅਧੂਰੀਆਂ ਦਰਖਾਸਤਾ ਭੇਜਣ ਵਾਲੇ ਦਰਖਾਸਤ ਕਰਤਾ (ਐਪਲੀਕੈਂਟ) ਨੂੰ ਮਿਤੀ.07.01.2022 ਸਮਾਂ 5 ਵਜੇ ਤੱਕ ਕਿਸੇ ਕੰਮ ਵਾਲੇ ਦਿਨ (ਵਰਕਿੰਗ ਡੇ) ਵਾਲੇ ਦਿਨ ਦਫਤਰ ਨਗਰ ਪੰਚਾਇਤ ਭਾਦਸੋਂ ਵਿਖੇ ਪੇਸ ਹੋ ਕੇ ਆਪਣੀ ਦਰਖਾਸਤ ਦੀਆਂ ਕਮੀਆਂ ਦੇਖ ਕੇ ਮੌਕੇ ਤੇ ਦੂਰ ਕਰ ਸਕਦੇ ਹਨ।**

2. ਸਫਾਈ ਸੇਵਕ ਕੰਟਰੈਕਟ ਬੇਸ ਦੀ ਅਸਾਮੀ ਲਈ ਯੋਗਤਾ/ਤਨਖਾਹ ਭੱਤੇ/ਉਮਰ ਸੀਮਾ/ ਐਪਲੀਕੇਸ਼ਨ ਫੀਸ/ਸਿਲੈਕਸ਼ਨ ਦੀ ਵਿਧੀ/ਸ਼ਰਤਾਂ/ਹਦਾਇਤਾਂ/ਫਾਰਮ ਆਦਿ ਦਾ ਵੇਰਵੇ ਸਬੰਧੀ ਸੂਚਨਾ ਵੈਬਸਾਈਟ http://lgpunjab.gov.in ਤੋਂ ਡਾਊਨਲੋਡ/ਵੇਖੀ ਜਾ ਸਕਦੀ ਹੈ।ਅਤੇ ਇਸ ਭਰਤੀ ਸਬੰਧੀ ਸੂਚਨਾ/ਸੋਧ ਸਮੇਂ ਸਮੇਂ ਸਿਰ ਉਕਤ ਵੈਬ ਸਾਈਟ ਤੇ ਪ੍ਰਕਾਸ਼ਿਤ ਕੀਤੀ ਜਾਵੇਗੀ।

3. ਇਸ ਭਰਤੀ ਸਬੰਧੀ ਐਪਲੀਕੇਸ਼ਨ ਫਾਰਮ ਦਫਤਰ ਨਗਰ ਪੰਚਾਇਤ ਭਾਦਸੋਂ **(ਨੇੜੇ ਬੱਸ ਸਟੈਂਡ,ਬੈਕ ਸਾਈਡ ਹਰੀਹਰ ਮੰਦਿਰ ਭਾਦਸੋਂ ਕੋਡ 147202)**) ਵਿਖੇ ਵੀ ਦਫਤਰੀ ਸਮੇਂ ਸਵੇਰੇ 9:00 ਵਜੇ ਤੋਂ ਸ਼ਾਮ 5:00 ਵਜੇ) ਤੱਕ ਦੇਖ ਸਕਦੇ ਹਨ ਅਤੇ ਭਰਤੀ ਫਾਰਮ ਮੁਕੰਮਲ ਭਰ ਕੇ ਸਮੇਤ ਦਸਤਾਵੇਜ ਅਤੇ ਫੀਸ ਰਜਿਸਟਰਡ ਡਾਕ ਰਾਹੀਂ ਹੀ ਮਿਤੀ 07.01.2022 ਨੂੰ ਕੰਮ ਵਾਲੇ ਦਿਨ ਦਫਤਰ ਨਗਰ ਪੰਚਾਇਤ ਭਾਦਸੋਂ ਵਿਖੇ ਪਹੁੰਚ ਜਾਣੇ ਚਾਹੀਦੇ ਹਨ।

ਸਹੀ/-
ਚੇਅਰਮੈਨ, ਸਿਲੈਕਸ਼ਨ ਕਮੇਟੀ-ਕਮ-
ਨਗਰ ਪੰਚਾਇਤ ਭਾਦਸੋਂ

ਸਹੀ/-
ਮੈਂਬਰ ਸਕੱਤਰ, ਸਿਲੈਕਸ਼ਨ ਕਮੇਟੀ-ਕਮ
ਕਾਰਜ ਸਾਧਕ ਅਫਸਰ ਨਗਰ ਪੰਚਾਇਤ ਭਾਦਸੋਂ

Scanned with CamScanner